ਜਮਾਤ-ਦਸਵੀਂ

ਪੇਪਰ ਪੰਜਾਬੀ-ਬੀ, ਦੁਹਰਾਈ ਸ਼ੀਟ-1

ਮਿਤੀ-19.04.2020

**ਕਾਂਡ-1**

**ਵਿਆਕਰਨ**

ਪ੍ਰਸ਼ਨ-1. ਵਿਆਕਰਨ ਦੇ ਕਿੰਨੇ ਭਾਗ ਹਨ?

ੳ. ਪੰਜ ਅ. ਤਿੰਨ ੲ. ਦੋ **ਸ. ਚਾਰ**

ਪ੍ਰਸ਼ਨ-2. ਵਿਆਰਕਨ ਦਾ ਸਭ ਤੋਂ ਪਹਿਲਾ ਅੰਗ ਕਿਹੜਾ ਹੈ?

**ੳ. ਧੁਨੀ-ਬੋਧ** ਅ. ਅਰਥ-ਬੋਧ

ੲ. ਵਾਕ-ਬੋਧ ਸ. ਸ਼ਬਦ-ਬੋਧ

ਪ੍ਰਸ਼ਨ-3. ਵਿਆਕਰਨ ਦੇ ਸ਼ਬਦ-ਬੋਧ ਭਾਗ ਅਧੀਨ ਕਿਸ ਦਾ ਅਧਿਐਨ ਕੀਤਾ ਜਾਂਦਾ ਹੈ?

ੳ. ਧੁਨੀਆਂ ਦਾ ਅ. ਸ਼ਬਦਾਂ ਅਤੇ ਵਾਕਾਂ ਦੇ ਅਰਥਾਂ ਦਾ ੲ. ਵਾਕਾਂ ਦਾ **ਸ. ਸ਼ਬਦਾਂ ਦਾ**

ਪ੍ਰਸ਼ਨ-4. ਵਿਆਕਰਨ ਦੇ ਵਾਕ-ਬੋਧ ਭਾਗ ਵਿੱਚ ਕਿਸ ਦਾ ਅਧਿਐਨ ਕੀਤਾ ਜਾਂਦਾ ਹੈ?

ੳ. ਧੁਨੀਆਂ ਦਾ ਅ. ਅਰਥਾਂ ਦਾ **ੲ. ਵਾਕਾਂ ਦਾ** ਸ. ਸ਼ਬਦਾਂ ਦਾ

**ਪ੍ਰਸ਼ਨ-5.** ਧੁਨੀ-ਬੋਧ ਤੋਂ ਕੀ ਭਾਵ ਹੈ?

**ਉੱਤਰ:-** ਵਿਆਕਰਨ ਦੇ ਜਿਸ ਭਾਗ ਅਧੀਨ **ਧੁਨੀਆਂ ਦਾ ਅਧਿਐਨ** ਕੀਤਾ ਜਾਂਦਾ ਹੈ ਉਸ ਨੂੰ **ਧੁਨੀ-ਬੋਧ** ਕਿਹਾ ਜਾਂਦਾ ਹੈ।

**ਪ੍ਰਸ਼ਨ-6.** ਸ਼ਬਦ-ਬੋਧ ਤੋਂ ਕੀ ਭਾਵ ਹੈ?

**ਉੱਤਰ:-** ਵਿਆਕਰਨ ਦੇ ਜਿਸ ਭਾਗ ਅਧੀਨ **ਸ਼ਬਦਾਂ ਦਾ ਅਧਿਐਨ** ਕੀਤਾ ਜਾਂਦਾ ਹੈ ਉਸ ਨੂੰ **ਸ਼ਬਦ-ਬੋਧ** ਕਿਹਾ ਜਾਂਦਾ ਹੈ।

**ਪ੍ਰਸ਼ਨ-7.** ਵਾਕ-ਬੋਧ ਤੋਂ ਕੀ ਭਾਵ ਹੈ?

**ਉੱਤਰ:-** ਵਿਆਕਰਨ ਦੇ ਜਿਸ ਭਾਗ ਅਧੀਨ **ਵਾਕਾਂ ਦਾ ਅਧਿਐਨ** ਕੀਤਾ ਜਾਂਦਾ ਹੈ ਉਸ ਨੂੰ **ਵਾਕ-ਬੋਧ** ਕਿਹਾ ਜਾਂਦਾ ਹੈ।

**ਪ੍ਰਸ਼ਨ-8.** ਅਰਥ-ਬੋਧ ਤੋਂ ਕੀ ਭਾਵ ਹੈ?

**ਉੱਤਰ:-** ਵਿਆਕਰਨ ਦੇ ਜਿਸ ਭਾਗ ਅਧੀਨ **ਸ਼ਬਦਾਂ ਅਤੇ ਵਾਕਾਂ ਦਾ ਅਰਥ ਦੇ ਪੱਖ ਤੋਂ ਅਧਿਐਨ** ਕੀਤਾ ਜਾਂਦਾ ਹੈ ਉਸ ਨੂੰ **ਅਰਥ-ਬੋਧ** ਕਿਹਾ ਜਾਂਦਾ ਹੈ।

ਪ੍ਰਸ਼ਨ-9. ਵਿਆਕਰਨ ਕਿਸ ਨੂੰ ਕਹਿੰਦੇ ਹਨ?

**ਉੱਤਰ:-** ਕਿਸੇ ਵੀ ਭਾਸ਼ਾ ਦੇ ਵਰਤਾਰੇ ਪਿੱਛੇ ਕੰਮ ਕਰਦੇ **ਨਿਯਮਾਂ ਦੇ ਸਮੂਹ** ਨੂੰ **ਵਿਆਕਰਨ** ਕਿਹਾ ਜਾਂਦਾ ਹੈ। ਇਸ ਪ੍ਰਕਾਰ ਵਿਆਕਰਨ ਉਹ ਵਿੱਦਿਆ ਹੈ ਜਿਸ ਵਿੱਚ ਭਾਸ਼ਾ ਦੇ ਨਿਯਮਾਂ ਨੂੰ ਜਾਣਿਆ ਤੇ ਸਮਝਿਆ ਜਾਂਦਾ ਹੈ।

ਪ੍ਰਸ਼ਨ-10. ਵਿਆਕਰਨ ਦੇ ਨਿਯਮਾਂ ਵਿੱਚ ਤਬਦੀਲੀ ਕਿਉਂ ਕਰਨੀ ਪੈਂਦੀ ਹੈ?

**ਉੱਤਰ:- ਸਮੇਂ ਦੀ ਚਾਲ ਨਾਲ਼ ਭਾਸ਼ਾ ਬਦਲਦੀ ਰਹਿੰਦੀ ਹੈ ਅਤੇ ਭਾਸ਼ਾ ਦੇ ਨਿਯਮ ਵੀ ਬਦਲਦੇ ਹਨ**। ਇਸ ਕਰਕੇ ਸਮੇਂ-ਸਮੇਂ ਵਿਆਕਰਨ ਦੇ ਨਿਯਮਾਂ ਵਿੱਚ ਤਬਦੀਲੀ ਕਰਨੀ ਪੈਂਦੀ ਹੈ।

ਪ੍ਰਸ਼ਨ-11.ਵਿਆਕਰਨ ਦੀ ਪੜ੍ਹਾਈ ਪੜ੍ਹਨੀ ਕਿਉਂ ਜ਼ਰੂਰੀ ਹੈ?

**ਉੱਤਰ:-** ਕਿਸੇ ਵੀ ਭਾਸ਼ਾ ਦੇ **ਸ਼ੁੱਧ ਅਤੇ ਮਿਆਰੀ ਸਰੂਪ ਨੂੰ ਸਮਝਣ ਲਈ** ਵਿਆਕਰਨ ਦੀ ਪੜ੍ਹਾਈ ਪੜ੍ਹਨੀ ਜ਼ਰੂਰੀ ਹੈ।ਇਸ ਤੋਂ ਇਲਾਵਾ ਹੋਰ **ਰਾਸ਼ਟਰੀ ਅਤੇ ਅੰਤਰਰਾਸ਼ਟਰੀ ਭਾਸ਼ਾਵਾਂ ਸਿੱਖਣ** ਲਈ ਤਾਂ ਵਿਆਕਰਨ ਦੀ ਪੜ੍ਹਾਈ ਪੜ੍ਹਨੀ ਹੋਰ ਵੀ ਜ਼ਰੂਰੀ ਹੈ।

ਪ੍ਰਸ਼ਨ-12. ਬੋਲ-ਚਾਲ ਦੀ ਭਾਸ਼ਾ ਵਿੱਚ ਵਿਆਕਰਨਿਕ ਨਿਯਮਾਂ ਤੋਂ ਲਈ ਜਾਂਦੀ ਖੁੱਲ੍ਹ ਨੂੰ ਕਿਵੇਂ ਪੂਰਾ ਕੀਤਾ ਜਾਂਦਾ ਹੈ?

**ਉੱਤਰ:-** ਬੋਲ-ਚਾਲ ਸਮੇਂ ਬੋਲਣ ਵਾਲ਼ਾ ਆਮ ਤੌਰ 'ਤੇ ਆਪਣੇ ਸਰੋਤੇ ਦੇ ਸਨਮੁਖ ਹੁੰਦਾ ਹੈ ਇਸ ਲਈ ਉਹ ਵਿਆਕਰਨਿਕ ਨਿਯਮਾਂ ਤੋਂ ਲਈ ਜਾਂਦੀ ਖੁਲ੍ਹ ਨੂੰ **ਗੱਲ ਦੁਹਰਾ ਕੇ, ਚਿਹਰੇ ਦੇ ਪ੍ਰਭਾਵਾਂ ਜਾਂ ਇਸ਼ਾਰਿਆਂ ਦੀ ਸਹਾਇਤਾ ਨਾਲ਼** ਪੂਰਾ ਕਰ ਲੈਂਦਾ ਹੈ।

ਪ੍ਰਸ਼ਨ-13. ਵਿਆਕਰਨ ਦੇ ਮੁੱਖ ਅੰਗ ਕਿਹੜੇ-ਕਿਹੜੇ ਹਨ?

**ਉੱਤਰ:-** ਵਿਆਕਰਨ ਦੇ ਹੇਠ ਲਿਖੇ ਚਾਰ ਅੰਗ ਹਨ:

| | |
|---|---|
| ਧੁਨੀਆਂ ਦਾ ਅਧਿਐਨ: | **ਧੁਨੀ-ਬੋਧ** |
| ਸ਼ਬਦਾਂ ਦਾ ਅਧਿਐਨ- | **ਸ਼ਬਦ-ਬੋਧ** |
| ਵਾਕਾਂ ਦਾ ਅਧਿਐਨ- | **ਵਾਕ-ਬੋਧ** |
| ਸ਼ਬਦਾਂ ਅਤੇ ਵਾਕਾਂ ਦੇ ਅਰਥਾਂ ਦਾ ਅਧਿਐਨ: | **ਅਰਥ-ਬੋਧ** |

## ਧੁਨੀ-ਬੋਧ (ਕਾਂਡ-3)

1. ਪੰਜਾਬੀ ਦੀਆਂ ਸ੍ਵਰ ਧੁਨੀਆਂ ਦੀ ਗਿਣਤੀ ਕਿੰਨੀ ਹੈ?

ੳ. ਪੰਜ **ਅ. ਦਸ** ੲ. ਤਿੰਨ ਸ. ਸੱਤ

2. ਪੰਜਾਬੀ ਵਰਨਮਾਲ਼ਾ ਵਿੱਚ ਵਿਅੰਜਨ ਅੱਖਰਾਂ ਦੀ ਗਿਣਤੀ ਕਿੰਨੀ ਹੈ?

ੳ. ਇਕਤਾਲੀ ਅ. ਦਸ **ੲ. ਅਠੱਤੀ** ਸ. ਸੱਤ

3. ਪੰਜਾਬੀ ਦੀਆਂ ਸ੍ਵਰ ਧੁਨੀਆਂ ਦੀ ਕਿਹੜੀ ਤਰਤੀਬ ਸਹੀ ਹੈ?

ੳ. ਓ ਔ ਅ ਆ ਇ ਈ ਉ ਊ ਏ ਐ ਅ. ਆ ਇ ਈ ਉ ਊ ਏ ਐ ਓ ਔ ਅ

ੲ. ਅ ਆ ਉ ਊ ਏ ਐ ਓ ਔ ਇ ਈ **ਸ. ਅ ਆ ਇ ਈ ਉ ਊ ਏ ਐ ਓ ਔ**

4. ਪੰਜਾਬੀ ਵਰਨਮਾਲ਼ਾ ਦੇ ਕਿਹੜੇ ਅੱਖਰਾਂ ਨਾਲ਼ ਕੋਈ ਸ਼ਬਦ ਸ਼ੁਰੂ ਨਹੀਂ ਹੁੰਦਾ?

**ੳ. ਙ ਞ ਣ ੜ ਲ਼** ਅ. ਙ ਞ ਣ ੜ ਨ ੲ. ਙ ਞ ਮ ੜ ਲ਼ ਸ. ਙ ਨ ਣ ੜ ਲ਼

5. **ਪੰਜਾਬੀ** ਵਰਨਮਾਲ਼ਾ **ਦੇ ਨਾਸਕੀ ਵਿਅੰਜਨ ਕਿੰਨੇ ਹਨ**?

ੳ.ਚਾਰ ਅ. ਸੱਤ ੲ. ਛੇ **ਸ. ਪੰਜ**

6.**ਪੰਜਾਬੀ ਦੇ** ਸ੍ਵਰ ਵਾਹਕ ਕਿੰਨੇ ਹਨ?

ੳ.ਚਾਰ ਅ. ਸੱਤ **ੲ. ਤਿੰਨ** ਸ. ਪੰਜ

7. ਹੇਠ ਲਿਖਿਆਂ ਵਿੱਚੋਂ ਕਿਹੜੇ ਲਘੂ ਸੂਰ ਹਨ?

**ੳ. ਅ ਇ ਉ** ਅ. ਅ ਇ ਔ ੲ. ਉ ਊ ਓ ਸ. ਅ ਆ ਐ

8. ਪੰਜਾਬੀ ਦੇ ਹੇਠ ਲਿਖਿਆਂ ਵਿੱਚੋਂ ਕਿਹੜੇ ਦੀਰਘ ਸੂਰ ਹਨ?

ੳ. ਆ ਇ ਊ ਏ ਐ ਓ ਔ **ਅ. ਆ ਈ ਊ ਏ ਐ ਓ ਔ**

ੲ. ਆ ਈ ਉ ਏ ਐ ਓ ਔ ਸ. ਅ ਈ ਊ ਏ ਐ ਓ ਔ

9. ਧੁਨੀ ਕਿਸਨੂੰ ਆਖਦੇ ਹਨ?

ਉੱਤਰ- ਧੁਨੀ ਤੋਂ ਭਾਵ ਹੈ-**ਅਵਾਜ਼**। ਬੋਲਣ ਸਮੇਂ ਮਨੁੱਖ ਦੇ ਮੂੰਹ ਵਿੱਚੋਂ ਜਿਹੜੀਆਂ **ਸਾਰਥਕ ਅਵਾਜ਼ਾਂ** ਬਾਹਰ ਨਿਕਲਦੀਆਂ ਹਨ, ਵਿਆਕਰਨ ਵਿੱਚ ਉਹਨਾਂ ਨੂੰ **ਧੁਨੀਆਂ** ਕਿਹਾ ਜਾਂਦਾ ਹੈ।

10. ਪੰਜਾਬੀ ਭਾਸ਼ਾ ਦੀਆਂ ਧੁਨੀਆਂ ਕਿੰਨੇ ਪ੍ਰਕਾਰ ਦੀਆਂ ਹਨ?

ਉੱਤਰ- ਪੰਜਾਬੀ ਭਾਸ਼ਾ ਦੀਆਂ ਧੁਨੀਆਂ **ਦੋ** ਪ੍ਰਕਾਰ ਦੀਆਂ ਹਨ।

ੳ. **ਸੂਰ ਧੁਨੀਆਂ** ਅ. **ਵਿਅੰਜਨ ਧੁਨੀਆਂ**

11.ਪੰਜਾਬੀ ਭਾਸ਼ਾ ਦੀਆਂ ਸੂਰ ਧੁਨੀਆਂ ਕਿਹੜੀਆਂ ਹਨ?

ਉੱਤਰ- ਜਿਹਨਾਂ ਧੁਨੀਆਂ ਨੂੰ ਉਚਾਰਨ ਸਮੇਂ ਹਵਾ **ਮੂੰਹ ਵਿੱਚੋਂ ਬੇਰੋਕ ਬਾਹਰ ਨਿਕਲਦੀ** ਹੈ, ਉਹਨਾਂ ਧੁਨੀਆਂ ਨੂੰ **ਸੂਰ ਧੁਨੀਆਂ** ਕਿਹਾ ਜਾਂਦਾ ਹੈ।ਸੂਰ ਧੁਨੀਆਂ **ਦੋ** ਪ੍ਰਕਾਰ ਦੀਆਂ ਹੁੰਦੀਆਂ ਹਨ।

ੳ. **ਹ੍ਰਸਵ/ਲਘੂ ਸੂਰ** ਅ. **ਦੀਰਘ/ਗੁਰੂ ਸੂਰ**

12. ਪੰਜਾਬੀ ਦੀਆਂ ਵਿਅੰਜਨ ਧੁਨੀਆਂ ਕਿਹੜੀਆਂ ਹਨ?

ਉੱਤਰ- ਜਿਹਨਾਂ ਧੁਨੀਆਂ ਨੂੰ ਉਚਾਰਨ ਸਮੇਂ ਹਵਾ ਮੂੰਹ ਵਿੱਚੋਂ ਨਿਕਲਦੇ ਸਮੇਂ ਕਿਸੇ ਨਾ ਕਿਸੇ **ਉਚਾਰਨ ਅੰਗ ਨਾਲ਼ ਟਕਰਾ ਕੇ** ਬਾਹਰ ਨਿਕਲਦੀ ਹੈ, ਉਹਨਾਂ ਧੁਨੀਆਂ ਨੂੰ **ਵਿਅੰਜਨ ਧੁਨੀਆਂ** ਕਿਹਾ ਜਾਂਦਾ ਹੈ।

ਵਿਅੰਜਨ ਅੱਖਰਾਂ ਦੀ ਗਿਣਤੀ **ਅਠੱਤੀ** ਹੈ- **ਸ ਤੋਂ ਲ਼ ਤੱਕ**

13. ਪੰਜਾਬੀ ਵਿੱਚ **ਤਾਲਵੀ ਵਿਅੰਜਨ** ਕਿਹੜੇ-ਕਿਹੜੇ ਹਨ?

ਉੱਤਰ- **ਚ ਛ ਜ ਞ ਸ਼ ਯ**

14. ਪੰਜਾਬੀ ਦੇ ਨਾਸਕੀ ਵਿਅੰਜਨ ਕਿਹੜੇ ਹਨ?

ਉੱਤਰ- **ਨਾਸਕੀ ਵਿਅੰਜਨ** ਉਹ ਧੁਨੀਆਂ ਹਨ ਜਿਹਨਾਂ ਨੂੰ ਉਚਾਰਨ ਸਮੇਂ ਕੁਝ ਅਵਾਜ਼ **ਨੱਕ ਵਿੱਚੋਂ ਬਾਹਰ ਨਿਕਲਦੀ** ਹੈ।ਪੰਜਾਬੀ ਵਿੱਚ **ਪੰਜ** ਨਾਸਕੀ ਵਿਅੰਜਨ ਹਨ- **ਙ ਞ ਨ ਣ ਮ**

15. ਅਜੋਕੀ ਪੰਜਾਬੀ ਵਿੱਚ ਕਿਹੜੀਆਂ ਧੁਨੀਆਂ ਨਾਲ਼ ਕੋਈ ਸ਼ਬਦ ਸ਼ੁਰੂ ਨਹੀਂ ਹੁੰਦਾ?

ਉੱਤਰ- **ਙ ਞ ਣ ੜ ਲ਼**

**ਰੰਗ ਹਰਜਿੰਦਰ ਸਿੰਘ**

**ਸਟੇਟ ਰਿਸੋਰਸ ਪਰਸਨ, ਪੰਜਾਬੀ**

**9501400377**